# ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.), ਪੰਜਾਬ।

ਪੰ:ਸ:ਸਿ:ਬੋ: ਕੰਪਲੈਕਸ, ਬਲਾਕ ਈ, ਛੇਵੀਂ ਮੰਜਿਲ, ਸੈਕਟਰ 62, ਸਅਸ ਨਗਰ।

**(ਅਮਲਾ-2 ਸਾਖਾ)**

**ਮੂੰਹ ਬੋਲਦੇ ਹੁਕਮ**

ਹੁਕਮ ਨੰ:18/07-2018ਅ2(3)
ਮਿਤੀ: 08/10/2020

1 ਸ੍ਰੀ ਰਾਜ ਕੁਮਾਰ, ਜੇ.ਬੀ.ਟੀ. ਟੀਚਰ, ਸਐਸ ਬਲਟਾਣਾ, ਬਲਾਕ ਡੇਰਾਬਸੀ-1, ਸਾਹਿਬਜਾਦਾ ਅਜੀਤ ਸਿੰਘ ਨਗਰ, ਵਿਭਾਗ ਵਿੱਚ ਬਤੌਰ ਜੇ.ਬੀ.ਟੀ. ਟੀਚਰ ਮਿਤੀ: 12-11-1975 ਨੂੰ ਐਡਹਾਕ ਬੈਸਿਜ਼ ਤੇ ਨਿਯੁਕਤੀ ਉਪਰੰਤ ਹਾਜ਼ਰ ਹੋਇਆ ਸੀ ਅਤੇ ਇਸ ਦੀਆਂ ਸੇਵਾਵਾਂ ਵਿਭਾਗ ਵੱਲੋਂ ਮਿਤੀ: 01-04-1977 ਨੂੰ ਰੈਗੂਲਰ ਕੀਤੀਆਂ ਗਈਆਂ। ਇਹ ਕਰਮਚਾਰੀ ਮਿਤੀ: 09-07-1985 ਤੋ 08-10-1985 ਤੱਕ (ਅੱਧੀ ਤਨਖਾਹ ਛੁੱਟੀ), ਮਿਤੀ: 09-10-1985 ਤੋਂ ਮਿਤੀ: 17-04-1986 ਤੱਕ (ਬਿਨ੍ਹਾਂ ਤਨਖਾਹ ਛੁੱਟੀ) ਮਿਤੀ: 15-07-1986 ਤੋਂ 14-10-1986 ਤੱਕ (ਬਿਨ੍ਹਾਂ ਤਨਖਾਹ ਛੁੱਟੀ), ਮਿਤੀ: 15-07-1987 ਤੋਂ 12-06-1988 ਤੱਕ (ਬਿਨ੍ਹਾਂ ਤਨਖਾਹ ਛੁੱਟੀ) ਤੇ ਰਿਹਾ ਅਤੇ ਮਿਤੀ: 13-06-1988 ਤੋਂ ਅਣ-ਅਧਿਕਾਰਿਤ ਤੌਰ ਤੇ ਗੈਰ-ਹਾਜ਼ਰ ਹੋ ਗਿਆ। ਇਸ ਦੌਰਾਣ ਜ਼ਿਲ੍ਹਾ ਸਿੱਖਿਆ ਅਫ਼ਸਰ (ਐ:ਸਿ:) ਪਟਿਆਲਾ ਦੇ ਹੁਕਮ ਨੰ: ਈ.ਪੀ.3()94-95/3460 ਮਿਤੀ: ਪਟਿਆਲਾ: 24-03-1995 ਰਾਹੀਂ ਸਬੰਧਤ ਨੂੰ ਗੈਰ-ਹਾਜ਼ਰ ਹੋਣ ਕਾਰਣ ਦੋਸ਼ ਸੂਚੀ ਜਾਰੀ ਕੀਤੀ ਗਈ। ਇਸ ਉਪਰੰਤ ਜ਼ਿਲ੍ਹਾ ਸਿੱਖਿਆ ਅਫ਼ਸਰ (ਐ:ਸਿ:) ਪਟਿਆਲਾ ਦੇ ਹੁਕਮ ਨੰ: ਅ-3(226)95/1139 ਮਿਤੀ:ਪਟਿਆਲਾ: 27-06-1995 ਅਨੁਸਾਰ ਕਰਮਚਾਰੀ ਨੂੰ ਪੈਂਡਿੰਗ ਇੰਕੁਆਰੀ ਹਾਜ਼ਰ ਹੋਣ ਦੀ ਆਗਿਆ ਦਿੱਤੀ ਗਈ ਅਤੇ ਮਿਤੀ: 06-07-1995 ਨੂੰ ਮੁੜ ਹਾਜ਼ਰ ਹੋ ਗਿਆ ਅਤੇ ਮਿਤੀ: 18-07-1995 ਤੋਂ 03-08-1995 ਤੱਕ ਮੁੜ ਮੈਡੀਕਲ ਛੁੱਟੀ ਬਿਨ੍ਹਾਂ ਫਾਰਮ ਤੋਂ ਭੇਜੀ ਗਈ। ਇਸ ਦੌਰਾਣ ਮਿਤੀ: 06-07-1995 ਤੋਂ 17-07-1995 ਤੱਕ ਕੇਵਲ 12 ਦਿਨ ਆਪਣੀ ਡਿਊਟੀ ਤੇ ਹਾਜ਼ਰ ਰਿਹਾ ਅਤੇ ਮੁੜ ਮਿਤੀ: 18-07-1995 ਤੋਂ ਫਿਰ ਅਣ-ਅਧਿਕਾਰਿਤ ਤੌਰ ਤੇ ਗੈਰ-ਹਾਜ਼ਰ ਹੋ ਗਿਆ। ਇਸ ਤਰ੍ਹਾਂ ਕਰਮਚਾਰੀ ਮਿਤੀ: 13-06-1988 ਤੋਂ 17-10-2001 ਤੱਕ (13 ਸਾਲ, 4 ਮਹੀਨੇ, 4 ਦਿਨ) ਆਪਣੀ ਡਿਊਟੀ ਤੋਂ ਗੈਰ-ਹਾਜ਼ਰ ਰਿਹਾ।

2 ਉਪਰੋਕਤ ਉਪਰੰਤ ਕਰਮਚਾਰੀ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ (ਐ:ਸਿ:) ਪਟਿਆਲਾ ਵੱਲੋਂ ਹੁਕਮ ਨੰ: ਅ-1()2001/4293 ਮਿਤੀ:ਪਟਿਆਲਾ: 04-10-2001 ਰਾਹੀਂ ਪੈਂਡਿੰਗ ਇੰਕੁਆਰੀ ਹਾਜ਼ਰ ਹੋਣ ਦੀ ਆਗਿਆ ਦਿੱਤੀ ਗਈ।

3 ਜ਼ਿਕਰਯੋਗ ਹੈ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ (ਐ:ਸਿ:) ਪਟਿਆਲਾ ਦੇ ਹੁਕਮ ਨੰ: ਈ.ਪੀ.3()94-95/3460 ਮਿਤੀ: ਪਟਿਆਲਾ: 24-03-1995 ਰਾਹੀਂ ਜਾਰੀ ਕੀਤੀ ਦੋਸ਼ ਸੂਚੀ ਦਾ ਨਿਪਟਾਰਾ ਸਾਲ 2014 ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ (ਐ:ਸਿ:) ਪਟਿਆਲਾ ਵੱਲੋਂ ਆਪਣੇ ਪੱਧਰ ਤੇ ਹੁਕਮ ਨੰ: ਅ-3()2014/ ਮਿਤੀ: ਪਟਿਆਲਾ: 23-05-2014 ਰਾਹੀਂ ਇੱਕ ਸਾਲਾਨਾ ਤਰੱਕੀ ਸੰਚਿਤ ਰੂਪ ਵਿੱਚ ਬੰਦ ਕਰਦੇ ਹੋਏ ਅਤੇ ਡਿਊਟੀ ਪੀਰੀਅਡ ਡਾਈਜ਼-ਨਾਨ ਕਰ ਦਿੱਤਾ ਗਿਆ, ਜਦੋਂ ਕਿ ਲਗਭਗ 11 ਮਹੀਨੇ ਬਾਅਦ ਮਿਤੀ: 30-04-2015 ਨੂੰ ਕਰਮਚਾਰੀ ਦੀ ਐਕਚੁਅਲ ਰਿਟਾਇਰਮੈਂਟ ਸੀ। ਇਸ ਉਪਰੰਤ ਕਰਮਚਾਰੀ 2 ਸਾਲ ਦਾ ਵਾਧਾ ਲੈ ਕੇ ਮਿਤੀ: 30-04-2017 ਨੂੰ ਰਿਟਾਇਰ ਹੋਇਆ।

4 ਕਿਸੇ ਕਰਮਚਾਰੀ ਦਾ ਸਰਕਾਰੀ ਡਿਊਟੀ ਤੋਂ ਜਾਣਬੁੱਝ ਕੇ ਗੈਰ-ਹਾਜ਼ਰ ਰਹਿਣਾ ਘੋਰ-ਦੁਰਵਿਵਹਾਰ ਹੈ। ਉਕਤ ਰਿਟਾਇਰਡ ਕਰਮਚਾਰੀ ਵਿਰੁੱਧ ਸਰਕਾਰੀ ਡਿਊਟੀ ਤੋਂ ਗੈਰ-ਹਾਜ਼ਰ ਰਹਿਣ ਦਾ ਦੋਸ਼ ਪਹਿਲਾਂ ਹੀ ਸਿੱਧ ਹੋ ਚੁੱਕਾ ਹੈ।

5 ਪੰਜਾਬ ਸਿਵਲ ਸੇਵਾਵਾਂ ਜਿਲਦ-2 ਦੇ ਨਿਯਮ 3.17 ਏ(2) ਵਿੱਚ ਕੀਤੇ ਗਏ ਉਪਬੰਧਾਂ ਅਨੁਸਾਰ ਕਿਸੇ ਸਰਕਾਰੀ ਕਰਮਚਾਰੀ ਦੇ ਅਣ-ਅਧਿਕਾਰਿਤ ਤੌਰ ਤੇ ਆਪਣੀ ਡਿਊਟੀ ਤੋਂ ਗੈਰ-ਹਾਜ਼ਰ ਰਹਿਣ ਕਾਰਣ ਉਸਦੀ ਪਿਛਲੀ ਸੇਵ ਾਜਬਤ ਕੀਤੀ ਜਾ ਸਕਦੀ ਹੈ। ਉਕਤ ਨਿਯਮ ਦੀ ਟੂੱਕ ਹੇਠ ਅਨੁਸਾਰ ਦਰਸਾਈ ਜਾਂਦੀ ਹੈ:-

> *"An interruption in the service of Government employee caused by willful absence from duty or unauthorized absence without leave shall entail forfeiture of the past service."*

6 ਮੇਰੀ ਇਹ ਤਸੱਲੀ ਹੋ ਗਈ ਹੈ ਕਿ ਵਿਭਾਗੀ ਕਾਰਵਾਈ ਦੌਰਾਨ ਇਹ ਸਿੱਧ ਹੋ ਚੁੱਕਾ ਹੈ ਕਿ ਉਕਤ ਕਰਮਚਾਰੀ ਲੰਬੇ ਸਮੇਂ ਲਈ ਆਪਣੀ ਡਿਓਟੀ ਤੋਂ ਅਣ-ਅਧਿਕਾਰਤ ਤੌਰ ਤੇ ਗੈਰਹਾਜ਼ਰ ਰਿਹਾ ਹੈ, ਇਸ ਉਕਤ ਨਿਯਮਾਂ ਵਿੱਚ ਦਰਸਾਏ ਗਏ ਉਪਬੰਧਾਂ ਦੀ ਵਰਤੋਂ ਕਰਨਾ ਬਿਲਕੁਲ ਯੋਗ ਹੋਵੇਗਾ। ਇਸ ਲਈ ਇਨ੍ਹਾਂ ਕਾਰਣਾਂ ਕਰਕੇ ਸ੍ਰੀ ਰਾਜ ਕੁਮਾਰ, ਸੇਵਾ ਨਿਵਿਰਤ ਜੇ.ਬੀ.ਟੀ.ਟੀਚਰ, ਸਐਸ ਬਲਟਾਣਾ, ਬਲਾਕ ਡੇਰਾਬਸੀ-1, ਸਾਹਿਬਜਾਦਾ ਅਜੀਤ ਸਿੰਘ ਨਗਰ ਦੀ ਮਿਤੀ: 13-06-1988 ਤੋਂ 17-10-2001 ਤੱਕ (13 ਸਾਲ, 4 ਮਹੀਨੇ, 4 ਦਿਨ) ਗੈਰ-ਹਾਜ਼ਰ ਰਹਿਣ ਕਾਰਣ, ਉਸ ਦੀ ਗੈਰ-ਹਾਜ਼ਰੀ ਤੋਂ ਪਹਿਲਾਂ ਸਮੇਂ ਲਈ ਕੀਤੀ ਗਈ ਸੇਵਾ ਹਰ ਮੰਤਵ ਲਈ ਜਬਤ (Forfeit) ਕੀਤੀ ਜਾਂਦੀ ਹੈ।

ਲਲਿਤ ਕਿਸ਼ੋਰ ਘਈ
ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ:), ਪੰਜਾਬ।

ਪਿੱਠ ਅੰਕਣ: ਉਕਤ 2020 276/93-99 ਮਿਤੀ: 03-11-2020

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ/ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1) ਮਹਾਂਲੇਖਾਕਾਰ ਪੰਜਾਬ, ਚੰਡੀਗੜ੍ਹ।
2) ਜ਼ਿਲ੍ਹਾ ਖ਼ਜਾਨਾ ਅਫ਼ਸਰ, ਸਅਸ ਨਗਰ।
3) ਜ਼ਿਲ੍ਹਾ ਸਿੱਖਿਆ ਅਫ਼ਸਰ (ਐ:ਸਿ:), ਸਅਸ ਨਗਰ।
4) ਜ਼ਿਲ੍ਹਾ ਸਿੱਖਿਆ ਅਫ਼ਸਰ (ਐ:ਸਿ:), ਪਟਿਆਲਾ।
5) ਸਬੰਧਤ ਬਲਾਕ ਪ੍ਰਾਇਮਰੀ ਅਫ਼ਸਰ।
6) ਸ੍ਰੀ ਰਾਜ ਕੁਮਾਰ, ਸੇਵਾ ਨਿਵਿਰਤ ਜੇ.ਬੀ.ਟੀ. ਟੀਚਰ, ਸਐਸ ਬਲਟਾਣਾ, ਬਲਾਕ ਡੇਰਾਬਸੀ-1, ਸਾਹਿਬਜਾਦਾ ਅਜੀਤ ਸਿੰਘ ਨਗਰ।
7) ਐਮ.ਆਈ.ਐੱਸ. ਵਿੰਗ (ਵੈੱਬਸਾਈਟ ਤੇ ਅਪਲੋਡ ਕਰਨ ਸਬੰਧੀ।)

30/10/2020

ਸਹਾਇਕ ਡਾਇਰੈਕਟਰ (ਅਮਲਾ-2)